ਪੰਜਾਬ ਸਕੂਲ ਸਿੱਖਿਆ ਬੋਰਡ
ਅਕਾਦਮਿਕ ਸ਼ਾਖਾ

ਵੱਲ

ਸਮੂਹ ਡੀ. ਈ. ਓ/ਜਿਲ੍ਹਾਂ ਮੈਨੇਜਰ ਪਾਠ ਪੁਸਤਕਾਂ ਵਿਕਰੀ ਡਿਪੂ
ਪੰਜਾਬ
ਨੰ: ਪਸਸਬ-ਅਕਾ-2011/2114-2164
ਮਿਤੀ 25-4-2011

ਵਿਸ਼ਾ: ਗੈਰ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਤੋਂ ਅੱਠਵੀਂ ਸ਼੍ਰੇਣੀ ਪਾਸ ਕਰ ਚੁੱਕੇ ਵਿਦਿਆਰਥੀਆਂ ਲਈ ਰਜਿ: ਫੀਸ ਅਤੇ ਦਾਖਲੇ ਸੰਬੰਧੀ।

ਪੰਜਾਬ ਰਾਜ ਵਿੱਚ ਅਕਾਦਮਿਕ ਸਾਲ 2010-11 ਤੋਂ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਬੋਰਡ ਵੱਲੋਂ ਬੰਦ ਕਰ ਦਿੱਤੀ ਗਈ ਹੈ ਜਿਸ ਕਾਰਨ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ ਅਤੇ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਵਿੱਚ ਦਾਖਲਾ ਲੈਣ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਨਯੋਗ ਸਿੱਖਿਆ ਮੰਤਰੀ ਜੀ ਦੀਆਂ ਹਦਾਇਤਾਂ ਅਨੁਸਾਰ ਇਹਨਾਂ ਵਿਦਿਆਰਥੀਆਂ ਨੂੰ ਸਕੂਲ ਸਿੱਖਿਆ ਨਾਲ ਜੁੜੇ ਰਹਿਣ ਲਈ ਬੋਰਡ ਵੱਲੋਂ ਮੌਕਾ ਦਿੱਤਾ ਗਿਆ ਹੈ। ਇਸ ਲਈ ਗੈਰ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਤੋਂ ਅਕਾਦਮਿਕ ਸਾਲ 2010-11 ਵਿੱਚ ਅੱਠਵੀਂ ਸ਼੍ਰੇਣੀ ਪਾਸ ਕਰ ਚੁੱਕੇ ਵਿਦਿਆਰਥੀ 100 ਰੁ: ਪ੍ਰਤੀ ਵਿਦਿਆਰਥੀ ਰਜਿਸਟ੍ਰੇਸ਼ਨ ਫੀਸ ਬੋਰਡ ਲਈ ਸੰਬੰਧਤ ਸਕੂਲਾਂ ਵਿੱਚ ਜਮ੍ਹਾ ਕਰਵਾ ਕੇ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ ਅਤੇ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਵਿੱਚ ਦਾਖਲਾ ਲੈ ਸਕਦੇ ਹਨ।

ਡਿਪਟੀ ਡਾਇਰੈਕਟਰ (ਅਕਾਦਮਿਕ)

ਉਤਾਰਾ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
2. ਡੀ. ਪੀ. ਆਈ. ਸੈਕੰਡਰੀ ਪੰਜਾਬ
3. ਡੀ. ਪੀ. ਆਈ. ਐਲੀਮੇਂਟਰੀ ਪੰਜਾਬ
4. ਸਮੂਹ ਗੈਰ ਮਾਨਤਾ ਪ੍ਰਾਪਤ ਸਕੂਲ ਜੱਥੇਬੰਦੀ ਦੇ ਪ੍ਰਧਾਨ